ਪ੍ਰਮਾਤਮ ਮਿਲਣ ਮੇਲੇ ਦੀ - ਤਾਜ਼, ਤਖ਼ਤ ਅਤੇ ਤਿਲਕ

ਅੱਜ ਬੇਹੱਦ ਦਾ ਬਾਪ ਬੇਹੱਦ ਵਿੱਚ ਸਭ ਬੱਚਿਆਂ ਨੂੰ ਦੇਖ ਰਹੇ ਹਨ। ਬੇਹੱਦ ਦਾ ਬਾਪ ਹੈ ਅਤੇ ਤੁਸੀਂ ਸਭ ਵੀ ਬੇਹੱਦ ਦੇ ਮਾਲਿਕ ਸੋ ਬਾਲਕ ਹੋ। ਬਾਪਦਾਦਾ ਸਭ ਸਨੇਹੀ ਸਹਿਯੋਗੀ ਬੱਚਿਆਂ ਨੂੰ ਦੇਖ ਹਰਸ਼ਿਤ ਹੋ ਰਹੇ ਹਨ ਅਤੇ ਬੱਚੇ ਬਾਪ ਨੂੰ ਦੇਖਕੇ ਹਰਸ਼ਿਤ ਹੋ ਰਹੇ ਹਨ। ਬਾਪ ਨੂੰ ਜ਼ਿਆਦਾ ਖੁਸ਼ੀ ਹੈ ਜਾਂ ਬੱਚਿਆਂ ਨੂੰ ਜ਼ਿਆਦਾ ਖੁਸ਼ੀ ਹੈ - ਕੀ ਕਹੋਗੇ? ਦੋਵਾਂ ਨੂੰ! ਇਸਨੂੰ ਕਿਹਾ ਜਾਂਦਾ ਹੈ ਪਰਮਾਤਮ ਮਿਲਣ ਮੇਲਾ। ਮੇਲੇ ਤਾਂ ਬਹੁਤ ਹੁੰਦੇ ਹੀ ਹਨ ਪਰ ਪਰਮਾਤਮਾ ਮਿਲਣ ਮੇਲਾ ਇੱਕ ਹੀ ਸੰਗਮਯੁਗ ਤੇ ਹੁੰਦਾ ਹੈ। ਸਾਰੇ ਕਲਪ ਵਿੱਚ ਨਹੀਂ ਹੋ ਸਕਦਾ ਹੈ। ਹੁਣ ਹੋ ਰਿਹਾ ਹੈ ਅਤੇ ਹੋਵੇਗਾ। ਤੁਹਾਨੂੰ ਸਭ ਨੂੰ ਵੀ ਮੇਲਾ ਚੰਗਾ ਲੱਗ ਰਿਹਾ ਹੈ ਨਾ! ਬਾਪਦਾਦਾ ਬੱਚਿਆਂ ਦੇ ਭਾਗ ਨੂੰ ਦੇਖ ਹਰਸ਼ਿਤ ਹੁੰਦੇ ਹਨ ਅਤੇ ਦਿਲ ਵਿੱਚ ਗੀਤ ਗਾਉਂਦੇ ਹਨ - ਵਾਹ ਬੱਚੇ ਵਾਹ! ਜੋ ਭਾਗ ਸੁਪਣੇ ਵਿੱਚ ਵੀ ਨਹੀਂ ਸੀ, ਸੰਕਲਪ ਵਿੱਚ ਵੀ ਨਹੀਂ ਸੀ ਪਰ ਹੁਣ ਸਾਕਾਰ ਵਿੱਚ ਸ਼੍ਰੇਸ਼ਠ ਭਾਗ ਅਨੁਭਵ ਕਰ ਰਹੇ ਹਨ। ਹਰ ਇੱਕ ਦੇ ਮਸਤੱਕ ਤੇ ਸ਼੍ਰੇਸ਼ਠ ਭਾਗ ਦੀ ਲਕੀਰ ਚਮਕ ਰਹੀ ਹੈ। ਸਭ ਚਮਕਦੇ ਹੋਏ ਸਿਤਾਰੇ ਹੋ ਨਾ? ਆਪਣਾ ਇਹ ਸ਼੍ਰੇਸ਼ਠ ਭਾਗ ਸਮ੍ਰਿਤੀ ਵਿੱਚ ਰਹਿੰਦਾ ਹੈ ਨਾ! ਕਿਉਂ ਸ਼੍ਰੇਸ਼ਠ ਭਾਗ ਹੈ? ਕਿਉਂਕਿ ਭਾਗ ਵਿਧਾਤਾ ਦਵਾਰਾ ਤੁਸੀਂ ਭਾਗਵਾਨ ਆਤਮਾਵਾਂ ਦਾ ਦਿਵਯ ਬ੍ਰਾਹਮਣ ਜਨਮ ਹੋਇਆ ਹੈ। ਬਾਪ ਨੂੰ ਵੀ ਭਾਗ ਵਿਧਾਤਾ ਕਹਿੰਦੇ ਹਨ ਅਤੇ ਬ੍ਰਹਮਾ ਨੂੰ ਵੀ ਭਾਗ ਵਿਧਾਤਾ ਕਹਿੰਦੇ ਹਨ। ਅਤੇ ਤੁਸੀਂ ਸਭਦਾ ਜਨਮ ਬਾਪਦਾਦਾ ਦਵਾਰਾ ਹੋਇਆ ਹੈ। ਤਾਂ ਜਿਸਦਾ ਬਾਪ ਖੁਦ ਭਾਗ ਵਿਧਾਤਾ ਹੈ ਉਸਦਾ ਭਾਗ ਕਿੰਨਾ ਸ਼੍ਰੇਸ਼ਠ ਹੋਵੇਗਾ। ਪਰਮਾਤਮ ਮਿਲਣ ਮਨਾ ਰਹੇ ਹੋ ਨਾ! (ਡਬਲ ਫਾਰਨਰਸ ਨਾਲ) ਇਹ ਵੀ ਮਨਾ ਰਹੇ ਹਨ! ਬੇਹੱਦ ਦੇ ਮੇਲੇ ਵਿਚ ਜੇਕਰ ਡਬਲ ਵਿਦੇਸ਼ੀ ਨਹੀਂ ਹੁੰਦੇ ਤਾਂ ਬੇਹੱਦ ਦਾ ਨਹੀਂ ਕਿਹਾ ਜਾਂਦਾ। ਤਾਂ ਤੁਸੀਂ ਲੋਕਾਂ ਦਾ ਵੀ ਵਿਸ਼ੇਸ਼ ਪਾਰ੍ਹ ਹੈ, ਜੋ ਬਾਪ ਅਤੇ ਸਰਵ ਬੱਚੇ ਦੇਖ - ਦੇਖ ਹਰਸ਼ਿਤ ਹੁੰਦੇ ਹਨ। ਭਾਗ ਵਿਧਾਤਾ ਦਵਾਰਾ ਜਨਮ ਹੋਣਾ-ਇਹ ਸਭ ਤੋਂ ਵੱਡਾ ਭਾਗ ਹੈ। ਨਾਲ - ਨਾਲ ਸਾਰੇ ਕਲਪ ਵਿੱਚ ਕਿਸੇ ਵੀ ਜਨਮ ਵਿੱਚ ਇੱਕ ਹੀ ਪਰਮਾਤਮਾ ਬਾਪ ਦੇ ਬਣੇ, ਸਿੱਖਿਅਕ ਵੀ ਬਣੇ, ਸਤਿਗੁਰੂ ਵੀ ਬਣੇ ਅਤੇ ਸਰਵ ਸੰਬੰਧ ਵੀ ਨਿਭਾਏ - ਅਜਿਹਾ ਸਤਿਯੁਗ ਤੋਂ ਕਲਿਯੁਗ ਤੱਕ ਕਿਸੇਨੂੰ ਭਾਗ ਮਿਲਿਆ ਹੈ? ਅਤੇ ਹੁਣ ਤੁਹਾਨੂੰ ਮਿਲਿਆ ਹੈ! ਹੁਣ ਤੁਸੀ ਖੁਦ ਨਿਸ਼ਚੇ ਅਤੇ ਨਸ਼ੇ ਨਾਲ ਕਹਿੰਦੇ ਹੋ ਸਾਡਾ ਪਾਲਣਹਾਰ ਪਰਮ ਆਤਮਾ ਹੈ। ਦੁਨੀਆਂ ਵਾਲੇ ਕਹਿਣ ਮਾਤਰ ਕਹਿੰਦੇ ਹਨ ਕਿ ਪਰਮਾਤਮਾ ਹੀ ਪਾਲ ਰਿਹਾ ਹੈ ਪਰ ਤੁਸੀਂ ਪ੍ਰੈਕਟੀਕਲ ਅਨੁਭਵ ਨਾਲ ਕਹਿੰਦੇ ਹੋ ਕਿ ਪਰਮਾਤਮਾ ਬਾਪ ਹੈ ਅਤੇ ਬਾਪ ਹੀ ਪਾਲਣਹਾਰ ਹਨ, ਅਤੇ ਪਾਲਣਾ ਕਰ ਰਹੇ ਹਨ! ਨਸ਼ਾ ਹੈ ਨਾ ਥੋੜ੍ਹਾ - ਥੋੜ੍ਹਾ ਭੁੱਲ ਜਾਂਦੇ ਹਨ? ਚੱਲਦੇ - ਚੱਲਦੇ ਆਪਣੇ ਸ਼੍ਰੇਸ਼ਠ ਭਾਗ ਨੂੰ ਸਾਧਾਰਨ ਸਮਝ ਲੈਂਦੇ ਹੋ, ਹਨ ਸ਼੍ਰੇਸ਼ਠ ਪਰ ਸਮਝ ਸਾਧਾਰਨ ਲੈਂਦੇ ਹੋ। ਇਸਲਈ ਜੋ ਨਸ਼ਾ ਅਤੇ ਖੁਸ਼ੀ ਦੀ ਝਲਕ ਸਦਾ ਹੋਣੀ ਚਾਹੀਦੀ ਹੈ, ਉਹ ਨਹੀਂ ਰਹਿੰਦੀ। ਉਵੇਂ ਇੱਕ ਸੈਕਿੰਡ ਵੀ ਭੁੱਲ ਨਹੀਂ ਸਕਦੇ ਪਰ ਕਾਮਨ ਸਮਝ ਲੈਂਦੇ ਹੋ ਕਿ ਬਾਪ ਮਿਲ ਗਿਆ, ਸਾਡਾ ਹੋ ਗਿਆ, ਅਸੀਂ ਵੀ ਬਾਪ ਦੇ ਹੋ ਗਏ …ਜਦੋਂ ਸਾਡਾ ਹੈ ਤਾਂ ਨਸ਼ਾ (ਫਾਖੁਰ) ਹੋਣਾ ਚਾਹੀਦਾ ਹੈ ਨਾ? ਪਰ ਕਦੀ ਉੱਚ ਤੇ ਕਦੀ ਮੱਧਮ, ਕਦੀ ਸਧਾਰਨ ਹੋ ਜਾਂਦਾ ਹੈ। ਸੋਚੋ, ਸਾਡਾ ਬਾਪ ਪਰਮ ਆਤਮਾ ਹੈ! ਅਤੇ ਫਿਰ ਸਿੱਖਿਅਕ ਡਾਇਰੈਕਟ ਪਰਮ ਆਤਮਾ ਹੈ! ਕੀ ਸਿੱਖਿਆ ਦਿੱਤੀ? ਤੁਹਾਨੂੰ ਕੀ ਬਣਾ ਦਿੱਤਾ? ਤ੍ਰਿਨੇਤਰੀ, ਤ੍ਰਿਕਾਲਦਰਸ਼ੀ, ਤ੍ਰਿਲੋਕੀਨਾਥ। ਇਵੇਂ ਦੀ ਕੋਈ ਪੜ੍ਹਾਈ ਪੜ੍ਹਦਾ ਹੈ! ਹੁਣ ਤੱਕ ਇਹ ਡਿਗਰੀ ਸੁਣੀ ਹੈ? ਜੱਜ ਬੈਰਿਸਟਰ, ਡਾਕਟਰ, ਇੰਜੀਨੀਅਰ ਇਹ ਤਾਂ ਸਭ ਡਿਗ੍ਰੀਜ ਦੇਖੀ ਹੈ ਪਰ ਤ੍ਰਿਲੋਕੀਨਾਥ, ਤ੍ਰਿਕਾਲਦਰਸ਼ੀ, ਤ੍ਰਿਨੇਤਰੀ, ਨਾਲੇਜ਼ਫੁੱਲ… ਅਜਿਹੀ ਡਿਗਰੀ ਦੇਖੀ ਹੈ? ਦਵਾਪਰ ਤੋਂ ਕਲਿਯੁਗ ਤੱਕ ਕਿਸਨੂੰ ਮਿਲੀ ਹੈ? ਤੁਹਾਨੂੰ ਮਿਲੀ ਸੀ? ਤੁਸੀਂ ਵੀ ਤਾਂ 63 ਜਨਮ ਲੀਤੇ ਹਨ। ਤਾਂ ਨਾ ਕਿਸੇ ਨੂੰ ਮਿਲੀ, ਨਾ ਮਿਲਣੀ ਹੈ। ਅਜਿਹਾ ਸਿੱਖਿਅਕ ਸਾਡਾ ਹੈ। ਸਾਂਇੰਸ ਵਾਲੇ ਸਾਂਇੰਸ ਦੀ ਕਿੰਨੀ ਵੀ ਯੋਜਨਾ ਕਰਨ ਤਾਂ ਵੀ ਤ੍ਰਿਲੋਕ ਤੱਕ ਨਹੀਂ ਪਹੁੰਚ ਸਕਦੇ। ਤਿੰਨਾਂ ਲੋਕਾਂ ਦਾ ਨਾਲੇਜ ਪ੍ਰਾਪਤ ਹੋ ਨਹੀਂ ਸਕਦਾ। ਅਤੇ ਤੁਹਾਡੇ ਵਿੱਚ ਤੇ 5 ਵਰ੍ਹੇ ਦਾ ਬੱਚਾ ਵੀ ਤਿੰਨ ਲੋਕਾਂ ਦੀ ਨਾਲੇਜ਼ ਦਿੰਦਾ ਹੈ! ਉਹ ਵੀ ਫਲਕ ਨਾਲ ਕਹੇਗਾ - ਹਾਂ, ਸੂਕਸ਼ਮ ਵਤਨ ਹੈ, ਮੂਲ ਵਤਨ ਹੈ। ਤਾਂ ਪਰਮ ਆਤਮਾ ਸਿੱਖਿਅਕ ਵੀ ਹੈ। ਸ਼੍ਰੇਸ਼ਠ ਸਿੱਖਿਆ ਨਾਲ ਇਹ ਡਿਗ੍ਰੀ ਤਾਂ ਪ੍ਰਾਪਤ ਕਰਾਈ ਪਰ ਦੁਨੀਆਂ ਵਿੱਚ ਸਬ ਤੋਂ ਵੱਡੇ ਤੋਂ ਵੱਡੀ ਪਦਵੀ ਰਾਜ ਪਦਵੀ ਹੁੰਦੀ ਹੈ। ਤਾਂ ਪੜ੍ਹਾਈ ਨਾਲ ਪਦਵੀ ਵੀ ਮਿਲਦੀ ਹੈ ਨਾ! ਤਾਂ ਤੁਹਾਨੂੰ ਰਾਜਾ ਬਣਾਇਆ ਹੈ? ਹੁਣ ਰਾਜਾ ਹੋ ਜਾਂ ਬਣਨਾ ਹੈ? ਹੋ ਰਾਜਾ ਅਤੇ ਬੈਠੇ ਪਟ ਵਿੱਚ ਹੋ! ਪੱਕਾ ਮਕਾਨ ਵੀ ਨਹੀਂ, ਟੈਂਟ ਵਿੱਚ ਬੈਠੇ ਹੋ! ਤਾਂ ਦੇਖੋ ਸ਼੍ਰੇਸ਼ਠ ਤੋਂ ਸ਼੍ਰੇਸ਼ਠ ਪਦਵੀ ਰਾਜ - ਪਦਵੀ ਹੈ। ਹੁਣ ਵੀ ਸਵਰਾਜ ਅਧਿਕਾਰੀ ਹੋ ਅਤੇ ਭਵਿੱਖ ਵਿਚ ਵੀ ਵਿਸ਼ਵ ਰਾਜ ਅਧਿਕਾਰੀ ਬਣਨਾ ਹੀ ਹੈ। ਇਹ ਪੱਕਾ ਹੈ ਨਾ? ਕਿਸ ਨੇ ਰਾਜ ਕਰਨਾ ਹੈ? ਤੁਸੀਂ ਸਭ ਰਾਜ ਕਰੋਗੇ ਕਿ ਤੁਹਾਡੇ ਉਪਰ ਕੋਈ ਰਾਜਾ ਰਾਜ ਕਰੇਗਾ? ਨਹੀਂ। ਇਹ ਸਭ ਇੰਨੇ ਰਾਜਾ ਬਣ ਜਾਣਗੇ! ਇੰਨੇ ਸਭ ਰਾਜ ਕਰਨਗੇ! ਪ੍ਰਜਾ ਵੀ ਤਿਆਰ ਕੀਤੀ ਹੈ ਜਾਂ ਆਪਣੇ ਉਪਰ ਹੀ ਰਾਜ ਕਰੋਂਗੇ? ਤਾਂ ਆਪਣਾ ਭਾਗ ਦੇਖੋ - ਪਰਮ ਆਤਮਾ ਮੇਰਾ ਸਿੱਖਿਅਕ ਹੈ, ਰਾਜ ਪਦਵੀ ਦੇਣ ਵਾਲਾ। ਅਤੇ ਫਿਰ ਸਤਿਗੁਰੂ ਬਣ …ਗੁਰੂ ਕੀ ਕਰਦੇ ਹਨ? ਮੰਤਰ ਦਿੰਦੇ ਹਨ ਨਾ। ਤਾਂ ਸਤਿਗੁਰੂ ਨੇ ਕੀ ਮੰਤਰ ਦਿੱਤਾ? ਮਨਮਨਾਭਵ। ਸਤਿਗੁਰੂ ਦਵਾਰਾ ਮਹਾਮੰਤਰ ਵੀ ਮਿਲਿਆ ਅਤੇ ਸਰਵ ਵਰਦਾਨ ਵੀ ਮਿਲੇ। ਕਿੰਨੇ ਵਰਦਾਨ ਮਿਲੇ ਹਨ? ਵਰਦਾਨਾਂ ਦੀ ਲਿਸਟ ਦੇਖੋ ਕਿੰਨੀ ਲੰਬੀ ਹੈ! ਰੋਜ਼ ਵਰਦਾਨ ਮਿਲਦਾ ਹੈ ਨਾ! ਕਿੰਨੇ ਸਮੇਂ ਤੇ ਮਿਲ ਰਿਹਾ ਹੈ! ਇੰਨੇ ਵਰਦਾਨ ਕੋਈ ਵੀ ਫਾਲੋਅਰ ਨੂੰ ਕੋਈ ਗੁਰੂ ਦੇ ਹੀ ਨਹੀਂ ਸਕਦੇ। ਅਜਿਹਾ ਸਤਿਗੁਰੂ ਜੋ ਰੋਜ਼ ਵਰਦਾਨ ਦੇ, ਅਜਿਹਾ ਦੇਖਿਆ? ਹੁਣ ਨਸ਼ਾ ਹੈ ਨਾ! (ਹਾਂ ਜੀ) ਬਹੁਤ ਵਧੀਆ। ਸਦਾ ਰੱਖਣਾ। ਇਵੇਂ ਨਹੀਂ, ਇੱਥੇ ਤੋਂ ਬਸ ਵਿੱਚ ਜਾਓ ਤਾਂ

ਨਸ਼ਾ ਉਤਰਨਾ ਸ਼ੁਰੂ ਹੋ ਜਾਏ। ਸਦਾ ਵਧਦਾ ਰਹੇ।

ਬਾਪਦਾਦਾ ਸਭ ਬੱਚਿਆਂ ਨੂੰ ਸਦਾ ਹੀ ਹਰ ਸਬਜੈਕਟ ਵਿੱਚ ਨੰਬਰਵਨ ਦੇਖਣਾ ਚਾਹੁੰਦੇ ਹਨ। ਤਾਂ ਨੰਬਰਵਨ ਹੋ ਕਿ ਹਾਲੇ ਬਣਨਾ ਹੈ? ਨਸ਼ੇ ਨਾਲ ਕਹੋ ਕੀ ਅਸੀਂ ਨਹੀਂ ਹੋਵਾਂਗੇ ਤਾਂ ਕੌਣ ਹੋਵੇਗਾ। ਵਿਦੇਸ਼ੀਆਂ ਨੂੰ ਡਬਲ ਨਸ਼ਾ ਹੈ ਨਾ! ਅੱਛਾ ਹੈ। ਬਾਪ ਵੀ ਖੁਸ਼ ਹੁੰਦੇ ਹਨ ਕਿ ਇੱਕ - ਇੱਕ ਮੇਰਾ ਬੱਚਾ ਰਾਜਾ ਬੱਚਾ ਹੈ। ਪ੍ਰਜਾ ਨਹੀਂ ਹੈ। ਪ੍ਰਜਾ ਤੇ ਪਿੱਛੇ ਆਉਣ ਵਾਲੀ ਹੈ। ਤੁਸੀਂ ਤਾਂ ਫਿਰ ਵੀ ਲੱਕੀ ਹੋ ਜੋ ਇਨਾਂ ਮਿਲਣ ਦਾ ਚਾਂਸ ਮਿਲਿਆ ਹੈ। ਟੈਂਟ ਵਿੱਚ ਰਹਿਣਾ ਪਿਆ ਤਾਂ ਕੀ ਹੋਇਆ। ਮਿੱਟੀ ਤੇ ਤਾਂ ਨਹੀਂ ਸੋ ਰਹੇ ਹੋ ਨਾ, ਗਦੇਲੇ ਤੇ ਸੋ ਰਹੇ ਹੋ। ਬ੍ਰਹਮਾ ਭੋਜਨ ਤੇ ਵਧੀਆ ਮਿਲਦਾ ਹੈ ਨਾ? ਮਿੱਟੀ ਵਾਲਾ ਤਾਂ ਨਹੀਂ ਮਿਲਦਾ? ਪਿਆਰ ਨਾਲ ਖਾਂਦੇ ਹੋ ਨਾ? ਥੋੜ੍ਹਾ ਬਹੁਤ ਤਾਂ ਹੁੰਦਾ ਹੀ ਹੈ, ਹੋਣਾ ਹੀ ਹੈ। ਕਿਉਂ? ਮਾਇਆ ਅਤੇ ਪ੍ਰਭੂ ਦਾ ਖੇਲ੍ਹ ਨਾਲ - ਨਾਲ ਚਲ ਰਿਹਾ ਹੈ। ਜੇਕਰ ਪਰਮਾਤਮਾ ਦਵਾਰਾ ਮੇਲਾ ਹੋਇਆ ਤਾਂ ਮਾਇਆ ਵੀ ਝਮੇਲਾ ਜਰੂਰ ਕਰਦੀ ਹੈ। ਤੁਹਾਡਾ ਕੰਮ ਹੈ ਮੇਲਾ ਕਰਨਾ, ਉਸਦਾ ਕਾਮ ਹੈ ਝਮੇਲਾ ਕਰਨਾ। ਤਾਂ ਝਮੇਲਾ ਵੀ ਹੋਇਆ ਅਤੇ ਮੇਲਾ ਵੀ ਹੋਇਆ। (ਕਿਸੇ ਨੇ ਕਿਹਾ ਹਨ੍ਹੇਰੀ ਚੱਲੀ) ਕੋਈ ਗੱਲ ਨਹੀਂ। ਤੁਹਾਡੇ ਪੁਰਸ਼ਾਰਥ ਦੀ ਹਨ੍ਹੇਰੀ ਹੈ ਅਤੇ ਇਹ ਹਵਾ ਦੀ ਹਨ੍ਹੇਰੀ ਹੈ। ਘਬਰਾਉਂਦੇ ਤਾਂ ਨਹੀਂ ਹੋ ਨਾ ਕਿ ਕੀ ਹੋ ਗਿਆ? ਨਹੀਂ, ਹਨ੍ਹੇਰੀ ਆਏ ਜਾਂ ਬਰਸਾਤ ਆਏ, ਕਿੰਨੀ ਵੀ ਹਲਚਲ ਹੋਵੇ ਪਰ ਤੁਹਾਡਾ ਮਨ ਅਚਲ ਹੈ ਨਾ? ਮਾਤਾਵਾਂ ਘਬਰਾਂ ਤੇ ਨਹੀਂ ਗਈਆਂ ਹੋ, ਟੈਂਟ ਉੱਡ ਗਿਆ, ਕੀ ਕਰੀਏ? ਥੋੜਾ - ਥੋੜਾ ਘਬਰਾਏ, ਕੀ ਹੋਵੇਗਾ, ਤਬੀਅਤ ਚੰਗੀ ਰਹੇਗੀ, ਨਹੀਂ ਰਹੇਗੀ? ਕੁਝ ਵੀ ਹੋ ਭਗਤੀ ਤੋਂ ਤਾਂ ਧੱਕੇ ਅਤੇ ਮਿਹਨਤ ਘਟ ਹੀ ਹੈ ਨਾ। ਭਗਤੀ ਦੇ ਧੱਕੇ ਖਾਂਦੇ ਹੋ ਨਾ, ਮਜੇ ਵਿੱਚ ਰਹਿੰਦੇ ਹੈ ਨਾ! ਤਾਂ ਇਹ ਮੇਲਾ ਚੰਗਾ ਲੱਗਦਾ ਹੈ ਜਾਂ ਝਮੇਲਾ ਦੇਖਕੇ ਘਬਰਾ ਗਏ? ਨਹੀਂ, ਕੋਈ ਨਹੀਂ ਘਬਰਾਏ? ਇੱਕ - ਦੋ ਤਾਂ ਘਬਰਾਏ ਹੋਣਗੇ? ਮਜ਼ਾ ਆ ਰਿਹਾ ਹੈ? ਹੋਰ ਵੀ ਦੋ ਦਿਨ ਰੱਖੀਏ? ਅੱਛਾ। ਬਾਪਦਾਦਾ ਵੀ ਮਾਇਆ ਦਾ ਝਮੇਲਾ ਦੇਖ ਚੱਕਰ ਲਾਉਂਦੇ ਰਹਿੰਦੇ ਹਨ। ਖੇਡ ਦੇਖਦੇ ਹਨ - ਬੱਚੇ ਕੀ ਕਰਦੇ ਹਨ ਅਤੇ ਮਾਇਆ ਕੀ ਕਰਦੀ ਹੈ?

ਬਾਪਦਾਦਾ ਨੂੰ ਬੱਚਿਆਂ ਦਾ ਸਨੇਹ ਦੇਖ ਖੁਸ਼ੀ ਹੈ। ਸਨੇਹ ਨੇ ਮੇਲਾ ਰਚਿਆ ਹੈ। ਬਾਬਾ ਦਾ ਵੀ ਸਨੇਹ ਹੈ ਤਾਂ ਬੱਚਿਆਂ ਦਾ ਵੀ ਸਨੇਹ ਹੈ, ਦੋਵੇਂ ਮਿਲ ਗਏ ਤਾਂ ਕੀ ਹੋ ਗਿਆ? ਮੇਲਾ। ਦ੍ਰਿਸ਼ ਵੀ ਕਿੰਨਾ ਚੰਗਾ ਲੱਗ ਰਿਹਾ ਹੈ। ਇਵੇਂ ਕਦੀ ਸੋਚਿਆ ਸੀ - ਇਨਾਂ ਵੱਡਾ ਪਰਿਵਾਰ ਮਿਲੇਗਾ ਅਤੇ ਇਨਾਂ ਪਰਿਵਾਰ ਕਿਸਦਾ ਹੋਵੇਗਾ? ਤੁਹਾਡੇ ਘਰ ਕਿੰਨੇ ਹਨ? ( ਇੱਕ ਹੈ) ਅਤੇ ਤੁਹਾਡੇ ਸੇਵਾ ਦੇ ਸਥਾਨ ਕਿੰਨੇ ਹਨ? (ਅਨੇਕ ਹਨ) ਤਾਂ ਉਹਨੂੰ ਵੀ ਤਾਂ ਬਾਬਾ ਦਾ ਘਰ ਕਹਿੰਦੇ ਹੋ ਨਾ! ਤਾਂ ਬਾਬਾ ਦਾ ਘਰ ਤੁਹਾਡਾ ਘਰ ਹੈ। ਦੁਨੀਆਂ ਕਹਿੰਦੀ ਹੈ ਘਰਬਾਰ ਛੱਡਦੇ ਹਨ ਅਤੇ ਤੁਸੀਂ ਕਿੰਨੇ ਘਰ ਬਣਾਏ ਹਨ! ਗਿਣਤੀ ਨਹੀਂ ਕਰ ਸਕਦੇ ਹੋ, ਯਾਦ ਰੱਖਣਾ ਪੈਂਦਾ ਹੈ। ਤਾਂ ਇਹ ਛੱਡਣਾ ਨਹੀਂ ਹੈ, ਬਣਨਾ ਹੈ। ਅਤੇ ਪਰਿਵਾਰ ਨੂੰ ਛੱਡਿਆ ਹੈ ਜਾਂ ਪਰਿਵਾਰ ਇਨਾਂ ਵੱਡਾ ਬਣਾਇਆ ਹੈ ਜੋ ਮਿਲਣਾ ਹੀ ਮੁਸ਼ਕਿਲ ਹੁੰਦਾ ਹੈ। ਸਾਰੇ ਬ੍ਰਾਹਮਣ ਜਿੰਨੇ ਵੀ ਜਿੱਥੇ ਵੀ ਹਨ, ਇੱਕ ਸਥਾਨ ਤੇ ਮਿਲ ਸਕਦੇ ਹਨ? ਮੁਸ਼ਕਿਲ ਹੋਵੇਗਾ ਨਾ। ਕਿਉਂਕਿ ਦੂਸਰੇ ਦਾ ਰਾਜ ਹੈ ਨਾ, ਆਪਣਾ ਰਾਜ ਤੇ ਨਹੀਂ ਹੈ। ਪਰ ਬਾਪ ਮਿਲਿਆ, ਬੇਹੱਦ ਦਾ ਪਰਿਵਾਰ ਮਿਲਿਆ। ਤਾਂ ਬੇਹੱਦ ਨੂੰ ਯਾਦ ਕਰਨ ਨਾਲ ਬੇਹੱਦ ਦੀ ਖੁਸ਼ੀ, ਬੇਹੱਦ ਦਾ ਨਸ਼ਾ ਹੋਵੇਗਾ। ਜੇਕਰ ਹੱਦ ਵਿੱਚ ਸਮਝਦੇ ਹਨ - ਮੈਂ ਤਾਂ ਫਲਾਣੇ ਦੇਸ਼ ਵਿੱਚ ਹਾਂ, ਫਲਾਣੇ ਦੇਸ਼ ਦਾ ਹਾਂ, ਫਲਾਣੇ ਜ਼ੋਨ ਦਾ ਹਾਂ ਤਾਂ ਹੱਦ ਹੁੰਦੀ ਹੈ ਪਰ ਇਹ ਤਾਂ ਨਿਮਿਤ ਮਾਤਰ ਨਿਸ਼ਾਨੀ ਦੇ ਲਈ ਕਹਿੰਦੇ ਹਨ - ਇਹ ਫਲਾਣਾ ਜ਼ੋਨ, ਇਹ ਫਲਾਣਾ ਸਥਾਨ। ਬਾਕੀ ਆਪਣੇ ਨੂੰ ਬੇਹੱਦ ਦਾ ਸਮਝਦੇ ਹੋ ਨਾ। ਨਿਯਮ ਵੀ ਰਖਣੇ ਪੈਂਦੇ ਹਨ। ਕਈ ਇਵੇਂ ਵੀ ਸੋਚਦੇ ਹਨ ਕਿ ਇਹ ਕੀ ਬੈਜ ਲਗਾਓ ਤਾਂ ਹੀ ਖਾਣਾ ਮਿਲੇਗਾ। ਤੁਹਾਨੂੰ ਖਾਣੇ ਤੇ ਤੰਗ ਕਰਦੇ ਹਨ ਨਾ? ਪਰ ਇਹ ਕਰਨਾ ਹੀ ਪੈਂਦਾ ਹੈ ਕਿਉਂਕਿ ਕਾਇਦੇ ਵਿੱਚ ਫਾਇਦੇ ਹਨ। ਇਹ ਬੰਧੰਨ ਨਹੀਂ ਹੈ ਪਰ ਵਿਘਣਾ ਤੋਂ ਨਿਰਬੰਧਨ ਬਨਾਉਣ ਦਾ ਸਾਧਨ ਹੈ। ਇਹ ਕੀ ਗੱਲ ਨਵੀਂ ਕੱਢੀ -ਇਹ ਨਹੀਂ ਸੋਚਣਾ। ਸੰਕਲਪ ਤਾਂ ਬਾਪ ਦੇ ਕੋਲ ਪਹੁੰਚਦੇ ਹਨ ਨਾ। ਪਰ ਮਰਿਆਦਾ ਪੁਰਸ਼ੋਤਮ ਤੁਸੀਂ ਹੋ ਨਾ। ਜਾਂ ਸਿਰਫ਼ ਵੱਡੀਆਂ ਦਾਦੀਆਂ ਮਰਿਆਦਾ ਪੁਰਸ਼ੋਤਮ ਹਨ, ਤੁਸੀਂ ਫ੍ਰੀ ਹੋ? ਮਰਿਆਦਾ ਪੁਰਸ਼ੋਤਮ ਮਤਲਬ ਮਰਿਆਦਾ ਦੇ ਅੰਦਰ ਰਹਿਣ ਵਾਲੇ, ਚੱਲਣ ਵਾਲੇ। ਹਾਂ ਜੀ ਦਾ ਪਾਠ ਪੱਕਾ ਹੈ ਨਾ? ਅੱਛਾ! ਅਤੇ ਜਦੋਂ ਕੋਈ ਗੱਲ ਹੋ ਜਾਂਦੀ ਹੈ ਤਾਂ ਹਾਂ ਜੀ ਹੁੰਦਾ ਹੈ ਜਾਂ ਨਾ ਜੀ ਹੁੰਦਾ ਹੈ? ਜਦੋਂ ਕੋਈ ਇਵੇਂ ਦੀ ਗੱਲ ਕਰਦੇ ਹਨ ਤਾਂ ਹਾਂ ਜੀ ਦੇ ਬਦਲੇ ਫਿਰ ਨਾ ਜੀ ਵਿੱਚ ਇੰਨੇ ਪੱਕੇ ਹੋ ਜਾਂਦੇ ਹਨ ਜੋ ਬਾਪ ਵੀ ਕਹੇ ਤਾਂ ਵੀ ਨਹੀਂ ਸੁਣਨਗੇ। ਜਿਵੇਂ ਸਥਾਪਨਾ ਵਿੱਚ ਜਦੋਂ ਛੋਟੇ - ਛੋਟੇ ਬੱਚੇ ਆਏ ਤਾਂ ਬਾਪਦਾਦਾ ਉਹਨਾਂ ਨੂੰ ਪਾਠ ਪੱਕਾ ਕਰਾਉਣ ਦੇ ਲਈ ਹਮੇਸ਼ਾ ਕਹਿੰਦੇ ਰਹੇ ਕਿ ਨਾ ਕਰਨਾ ਮਾਨਾ ਨਾਸਤਿਕ, ਹਾਂ ਕਰਨਾ ਮਾਨਾ ਆਸਤਿਕ। ਤਾਂ ਤੁਸੀਂ ਸਭ ਕੌਣ ਹੋ? ਆਸਤਿਕ ਹੋ। ਨਾਸਤਿਕ ਤਾਂ ਨਹੀਂ ਹੋ ਨਾ! ਕਦੀ - ਕਦੀ ਬਣ ਜਾਂਦੇ ਹੋ। ਖੇਡ ਕਰਦੇ ਹਨ! ਮਾਇਆ ਦੇ ਵੀ ਨਾਲੇਜ਼ਫੁੱਲ ਹੋ ਗਏ! ਕਿਉਂਕਿ ਮਾਇਆ ਵੀ ਨਾਲੇਜ਼ਫੁੱਲ ਹੈ। ਡਿਗਾਉਣ ਵਿੱਚ ਬੜੀ ਨਾਲੇਜ਼ਫੁੱਲ ਹੈ ਅਤੇ ਉੱਡਣ ਵਿੱਚ ਤੁਸੀਂ ਨਾਲੇਜ਼ਫੁੱਲ ਹੋ। ਤਾਂ ਮਾਇਆ ਵੀ ਦੇਖਦੀ ਹੈ ਕਿ ਇਸਦੀ ਉਡਾਣ ਥੋੜੀ ਥੱਲੇ -ਉੱਪਰ ਹੋ ਗਈ ਹੈ ਤਾਂ ਦੇਖ ਕਰਕੇ ਵਾਰ ਕਰਦੀ ਹੈ। ਅਤੇ ਤੁਸੀਂ ਨਾਲੇਜ਼ਫੁੱਲ ਹੋਣ ਦੇ ਕਾਰਨ ਜਾਣ ਜਾਂਦੇ ਹੋ, ਤਾਂ ਹਾਰ ਨਹੀਂ ਖਾਂਦੇ ਹੋ ਪਰ ਵਿਜੇ ਦਾ ਹਾਰ ਗਲੇ ਵਿੱਚ ਪਿਆ। ਸਭ ਦੇ ਗਲੇ ਵਿਚ ਵਿਜੇ ਦੀ ਮਾਲਾ ਹੈ ਜਾਂ ਕਦੀ - ਕਦੀ ਉਤਾਰ ਦਿੰਦੇ ਹੋ? ਅੱਛਾ।

ਪਿੱਛੇ ਵਾਲੇ ਮੌਜ਼ ਵਿੱਚ ਹੋ? ਇਹ ਵੀ ਮਧੂਬਨ ਦੀ ਹੀ ਏਰੀਆ ਹੋਈ ਨਾ, ਤਾਂ ਸਿਵਾਏ ਮਧੂਬਨ ਦੇ ਹੋਰ ਕਿੱਥੇ ਇਨਾਂ ਵੱਡਾ ਮੇਲਾ ਹੋ ਸਕਦਾ ਹੈ? ਨਹੀਂ ਹੋ ਸਕਦਾ ਨਾ। ਤਾਂ ਮਧੂਬਨ ਹੈ ਬੇਹੱਦ ਦਾ ਘਰ। ਇੱਥੇ ਸਭ ਬੇਹੱਦ ਹੈ ਹੋਰ ਹੋਰ ਜਗ੍ਹਾ ਫਿਰ ਵੀ ਸਭ ਦੇਖਣਾ ਪੈਂਦਾ ਹੈ ਅਤੇ ਇੱਥੇ ਸੰਕਲਪ ਕੀਤਾ ਅਤੇ ਹੋ ਗਿਆ। ਤਾਂ ਸਭ ਆਪਣੇ ਭਾਗ ਦਵਾਰਾ ਪਰਮਾਤਮ ਮੇਲੇ ਵਿੱਚ ਪਹੁੰਚ ਗਏ। ਜੋ ਪਹਿਲੇ ਵਾਰੀ ਇਸ ਕਲਪ ਵਿੱਚ ਆਏ ਹਨ ਉਹ ਹੱਥ ਉਠਾਓ। (ਕਰੀਬ 13 -14 ਹਜ਼ਾਰ ਭਰਾ ਭੈਣਾਂ ਦੀ ਸਭਾ ਹੈ ਉਸ ਵਿੱਚ ਬਹੁਤ ਸਾਰੇ ਨਵੇਂ ਭਰਾ -

ਭੈਣਾਂ ਹਨ) ਅੱਛਾ ਹੈ, ਟੀ. ਵੀ. ਵਿੱਚ ਦੇਖ ਰਹੇ ਹੋ। ਇਹ ਵੀ ਦੇਖੋ ਮਜ਼ੋਰਿਟੀ ਸਾਇੰਸ ਦੇ ਸਾਧਨ ਹੁਣ - ਹੁਣ ਨਿਕਲੇ ਹਨ। ਕੁਝ ਵਰ੍ਹੇ ਪਹਿਲੇ ਇਹ ਸਾਂਇੰਸ ਦੇ ਸਾਧਨ ਵੀ ਨਹੀਂ ਸੀ। ਪਰ ਕਿਸਦੇ ਲਈ ਨਿਕਲੇ ਹਨ? ਤੁਹਾਡੇ ਲਈ। ਬਾਪਦਾਦਾ ਵੀ ਸਾਂਇੰਸ ਵਾਲੇ ਬੱਚਿਆਂ ਨੂੰ ਮੁਬਾਰਕ ਦਿੰਦੇ ਹਨ ਕਿਉਂਕਿ ਬਾਪ ਦੇ ਬੱਚੇ ਉਸ ਨਾਲ ਸੁਖ ਤਾਂ ਲੈ ਰਹੇ ਹਨ ਨਾ। ਤਾਂ ਕਿੰਨਾ ਚੰਗਾ ਲੱਗ ਰਿਹਾ ਹੈ। ਪਰ ਬਾਪਦਾਦਾ ਹੁਣ ਕੀ ਚਾਹੁੰਦੇ ਹਨ? ਸਥਾਪਨਾ ਹੋਏ ਕਿੰਨੇ ਵਰ੍ਹੇ ਹੋ ਗਏ? ਡਾਇਮੰਡ ਜੁਬਲੀ ਮਨਾਉਣ ਦੀ ਤਿਆਰੀ ਕਰ ਰਹੇ ਹੋ। ਤਾਂ ਬਾਪਦਾਦਾ ਨੇ ਹੁਣ ਸਭ ਬੱਚਿਆਂ ਨੂੰ ਰਾਜਾ ਬੱਚੇ ਕਿਹਾ ਨਾ, ਸਭ ਰਾਜਾ ਹਨ। ਰਾਜ ਤਖ਼ਤ ਨਸ਼ੀਨ ਹੁੰਦਾ ਹੈ ਨਾ? ਰਾਜ ਦੀ ਨਿਸ਼ਾਨੀ ਤਾਜ, ਤਖ਼ਤ ਅਤੇ ਤਿਲਕ ਹੁੰਦਾ ਹੈ। ਤਾਂ ਬਾਪਦਾਦਾ ਇਸ ਵਰ੍ਹੇ ਵਿੱਚ ਚਾਹੇ ਨਵੇਂ ਹੋ, ਚਾਹੇ ਪੁਰਾਣੇ - ਜੇਕਰ ਨਵੇਂ ਵੀ ਹੋ ਤਾਂ ਸਮਾਪਤੀ ਦਾ ਸਮੇਂ ਤਾਂ ਨਵਿਆਂ ਦੇ ਲਈ ਵੀ ਸਮੀਪ ਹੈ ਤਾਂ ਪੁਰਾਣਿਆਂ ਦੇ ਲਈ ਵੀ ਸਮੀਪ ਹੈ। ਇਵੇਂ ਨਹੀਂ ਸਮਝਣਾ ਕਿ ਸਾਨੂੰ ਵੀ 60 ਵਰ੍ਹੇ ਸ਼ਾਇਦ ਮਿਲਣੇ ਹਨ। ਨਹੀਂ, ਤੁਹਾਨੂੰ ਮੇਕੱਪ ਕਰਨਾ ਹੈ। ਜੇਕਰ ਲਾਸ੍ਹ ਆਏ ਹੋ ਤਾਂ ਫਾਸਟ ਜਾਣਾ ਹੈ। ਪਰ ਸੰਪੰਨ ਹੋਣ ਦਾ, ਸਮਾਪਤੀ ਦਾ ਸਮੇਂ ਸਭ ਇੱਕ ਹੈ ਇਹ ਇਸਲਈ ਭਾਵੇਂ ਨਵੇਂ ਹੋ ਜਾਂ ਪੁਰਾਣੇ ਹੋ ਪਰ ਮੈਂ ਸਵਰਾਜ ਅਧਿਕਾਰੀ ਆਤਮਾ ਹਾਂ - ਸਦਾ ਸਮ੍ਰਿਤੀ ਦਾ ਤਿਲਕ ਲੱਗਿਆ ਹੋਇਆ ਹੀ ਹੈ। ਕਦੀ ਮਿਟ ਜਾਵੇ, ਕਦੀ ਲੱਗਿਆ ਹੋਇਆ ਹੋਵੇ ...; ਨਹੀਂ, ਰਾਜ ਅਧਿਕਾਰੀ ਮਤਲਬ ਤਿਲਕਧਾਰੀ - ਇਸ ਸਮ੍ਰਿਤੀ ਦਾ ਤਿਲਕ ਅਵਿਨਾਸ਼ੀ ਰਹੇ, ਸਧਾਰਨ ਨਹੀਂ। ਮੈਂ ਤਿਲਕਧਾਰੀ ਹਾਂ, ਮੈਂ ਵਿਸ਼ਵ ਕਲਿਆਣ ਦੇ ਜਿੰਮੇਵਾਰੀ ਦਾ ਤਾਜਧਾਰੀ ਹਾਂ। ਕਿੰਨਾ ਵੱਡਾ ਵਿਸ਼ਵ ਹੈ ਅਤੇ ਤੁਸੀਂ ਸਭ ਵਿਸ਼ਵ ਕਲਿਆਣਕਾਰੀ ਹੋ। ਇਕੱਲਾ ਬਾਪ ਨਹੀਂ ਹੈ। ਬਾਪ ਦੇ ਸਾਥੀ ਤੁਸੀਂ ਸਭ ਹੋ। ਤਾਂ ਵਿਸ਼ਵ ਕਲਿਆਣ ਦੀ ਜ਼ਿਮੇਵਾਰੀ ਦੇ ਤਾਜਧਾਰੀ ਅਤੇ ਸਦਾ ਬਾਪ ਦੇ ਦਿਲਤਖ਼ਤਨਸ਼ੀਨ। ਥੱਲੇ ਨਹੀਂ ਆਉਣਾ। ਸਦਾ ਤਖ਼ਤਨਸ਼ੀਨ। ਉਵੇਂ ਵੀ ਦੇਖੋ ਜੋ ਬਹੁਤ ਪਿਆਰੇ ਹੁੰਦੇ ਹਨ, ਲਾਡਲੇ ਬੱਚੇ ਹੁੰਦੇ ਹਨ ਤਾਂ ਮਾਂ - ਬਾਪ ਉਹਨਾਂ ਨੂੰ ਮਿੱਟੀ ਵਿੱਚ ਜਾਣ ਨਹੀਂ ਦਿੰਦੇ, ਧਰਨੀ ਤੇ ਪੈਰ ਨਹੀਂ ਰੱਖਣ ਨਹੀਂ ਦਿੰਦੇ। ਤਾਂ ਤੁਸੀਂ ਕਿੰਨੇ ਲਾਡਲੇ ਹੋ! ਲਾਡਲੇ ਹੋ ਜਾਂ ਹੋਰ ਆਉਣ ਵਾਲੇ ਹਨ? ਤੁਸੀਂ ਹੋ। ਤਾਂ ਤਖ਼ਤ ਨੂੰ ਛੱਡ ਕੇ ਸਧਾਰਨ ਸਵਰੂਪ, ਸਧਾਰਨ ਸੰਕਲਪ... ਇਸ ਮਿੱਟੀ ਵਿੱਚ ਜਾਂ ਧਰਨੀ ਵਿੱਚ ਪੈਰ ਨਹੀਂ ਰੱਖੋ। ਬੁੱਧੀ ਰੂਪੀ ਪੈਰ ਸਦਾ ਤਖ਼ਤਨਸ਼ੀਨ ਹੋ। ਪਰਮਾਤਮ ਬਾਪ ਦੇ ਬੱਚੇ ਹੋ। ਮਹਾਤਮਾ, ਧਰਮਾਤਮਾ ਦੇ ਨਹੀਂ ਹੋ, ਪਰਮ ਆਤਮਾ ਦੇ ਹੋ। ਹੁਣ ਤਾਂ ਸਭ ਨਸ਼ੇ ਵਿੱਚ ਠੀਕ ਹੋ, ਉਹ ਤਾਂ ਦਿਖਾਈ ਦੇ ਰਿਹਾ ਹੈ ਪਰ ਸਦਾ ਰਹੇਗਾ ਨਾ? ਕਿ ਥੋੜ੍ਹਾ - ਥੋੜ੍ਹਾ ਰਹੇਗਾ ਫਿਰ ਯੁੱਧ ਕਰੋਂਗੇ, ਫਿਰ ਵਿਜੇ ਪ੍ਰਾਪਤ ਕਰਨਗੇ - ਇਵੇਂ ਤਾਂ ਨਹੀਂ? ਬ੍ਰਾਹਮਣ ਹੋ ਜਾਂ ਸ਼ਤ੍ਰੀ ਹੋ? ਬ੍ਰਾਹਮਣ ਹੋ। ਸ਼ਤ੍ਰੀ ਨਹੀਂ ਹੋ, ਯੁੱਧ ਨਹੀਂ ਕਰਦੇ ਹੋ? ਕਿ ਕਦੀ ਬ੍ਰਾਹਮਣ ਬਣ ਜਾਂਦੇ ਹੋ, ਕਦੀ ਸ਼ਤ੍ਰੀ ਬਣ ਜਾਂਦੇ ਹੋ? ਜੇਕਰ ਮਾਇਆ ਨਾਲ ਯੁੱਧ ਕਰਨੀ ਪੈਂਦੀ ਹੈ ਤਾਂ ਸ਼ਤ੍ਰੀ ਹੋਏ। ਬ੍ਰਾਹਮਣ ਮਾਨਾ ਵਿਜੇਈ ਅਤੇ ਸ਼ਤ੍ਰੀ ਮਾਨਾ ਯੁੱਧ ਕਰਨ ਵਾਲੇ। ਬਾਪਦਾਦਾ ਨੂੰ ਤਾਂ ਕਦੀ - ਕਦੀ ਬੱਚਿਆਂ ਦੇ ਉੱਪਰ ਬਹੁਤ ਰਹਿਮ ਆਉਂਦਾ ਹੈ, ਬੈਠਦੇ ਯੋਗ ਵਿੱਚ ਹਨ ਅਤੇ ਕਰਦੇ ਯੁੱਧ ਹਨ! ਕਹਿਣਗੇ ਇੱਕ ਘੰਟੇ ਯੋਗ ਲਗਾਇਆ ਪਰ ਇੱਕ ਘੰਟੇ ਵਿੱਚ ਯੁੱਧ ਕਿੰਨਾ ਸਮਾਂ ਚਲੀ ਅਤੇ ਯੋਗ ਕਿੰਨਾ ਸਮਾਂ ਰਿਹਾ? ਜੇਕਰ ਕਿਸੇ ਵੀ ਕਾਰਨ ਨਾਲ ਅਨੁਭੂਤੀ ਨਹੀਂ ਹੁੰਦੀ ਹੈ ਤਾਂ ਜਰੂਰ ਹੀ ਯੁੱਧ ਦੀ ਸਟੇਜ ਹੈ। ਬਾਪਦਾਦਾ ਕਹਿੰਦੇ ਹਨ - ਯੋਗੀ ਬੱਚੇ ਹਨ ਅਤੇ ਬਣ ਜਾਂਦੇ ਹਨ ਯੋਧੇ ਬੱਚੇ! ਕਦੋਂ ਤੱਕ ਯੁੱਧ ਕਰੋਂਗੇ? ਅੰਤ ਤੱਕ ਯੁੱਧ ਕਰੋਂਗੇ! ਛੁੱਟੀ ਦੇ ਦੇਵੇਂ - ਭਾਵੇਂ ਯੁੱਧ ਕਰੋ। ਛੁੱਟੀ ਚਾਹੀਦੀ ਹੈ? ਨਹੀਂ ਚਾਹੀਦੀ? ਫਿਰ ਕਰਦੇ ਕਿਉਂ ਹੋ? ਕਮਜ਼ੋਰ ਹੋ ਜਾਂਦੇ ਹੋ ਤਾਂ ਮਾਇਆ ਐਨਾ ਅਧੀਨ ਬਣਾ ਦਿੰਦੀ ਹੈ ਜੋ ਚਾਹੁੰਦੇ ਨਹੀਂ ਹੋ ਪਰ ਕਰ ਲੈਂਦੇ ਹੋ। ਜਿਵੇਂ ਕੋਈ - ਕੋਈ ਸਰਵੈਂਟ ਬਹੁਤ ਭੋਲੇ ਹੁੰਦੇ ਹਨ ਤਾਂ ਮਾਲਿਕ ਉਸਨੂੰ ਅਧੀਨ ਬਣਾ ਲੈਂਦੇ ਹਨ, ਸਰਵੈਂਟ ਜੋ ਨਹੀਂ ਕਰ ਸਕਦਾ ਉਸਦੇ ਲਈ ਵੀ ਮਾਲਿਕ ਕਹਿੰਦਾ ਹੈ ਕਰੋ, ਨਹੀਂ ਤਾਂ ਨੌਕਰੀ ਕਿਉਂ ਕਰਦੇ ਹੋ। ਮਾਇਆ ਵੀ ਇਵੇਂ ਹੀ ਕਰਦੀ ਹੈ, ਤੁਸੀਂ ਚਾਹੁੰਦੇ ਨਹੀਂ ਹੋ ਪਰ ਕਮਜ਼ੋਰ ਹੋਣ ਦੇ ਕਾਰਨ ਮਾਇਆ ਦੇ ਅਧੀਨ ਬਣਨਾ ਪੈਂਦਾ ਹੈ। ਤਾਂ ਉਸ ਸਮੇਂ ਯੋਗੀ ਹੋ ਜਾਂ ਯੋਧੇ ਹੋ? ਯੋਗੀ ਤਾਂ ਨਹੀਂ ਕਹਾਂਗੇ ਨਾ? ਤਾਂ ਬਾਪਦਾਦਾ ਇਹ ਹੀ ਚਾਹੁੰਦੇ ਹਨ ਕਿ ਹਰ ਇੱਕ ਬੱਚਾ ਯੋਗੀ ਬੱਚਾ ਹੋਵੇ, ਯੁੱਧ ਵਾਲਾ ਨਹੀਂ । ਬਾਪਦਾਦਾ ਨੂੰ ਬੱਚਿਆਂ ਦੇ ਯੁੱਧ ਦੀ ਮਿਹਨਤ ਚੰਗੀ ਨਹੀਂ ਲੱਗਦੀ। ਪਰਮਾਤਮ ਬੱਚੇ ਤਾਂ ਸਦਾ ਮੋਜ਼ ਵਿੱਚ ਰਹਿਣ ਵਾਲੇ ਹਨ, ਮਜ਼ੇ ਵਿੱਚ ਰਹਿਣ ਵਾਲੇ ਹਨ, ਯੁੱਧ ਦੀ ਮਿਹਨਤ ਵਾਲੇ ਨਹੀਂ। ਤਾਂ ਕੀ ਬਣੋਂਗੇ? ਯੋਗੀ ਬੱਚੇ ਜਾਂ ਯੋਧੇ ਬੱਚੇ? ਯੋਗੀ ਬਣਨਗੇ ਜਾਂ ਥੋੜ੍ਹਾ - ਥੋੜ੍ਹਾ ਕਰਨਾ ਚੰਗਾ ਹੈ? ਕਹਿਣ ਵਿੱਚ ਤਾਂ ਹਾਂ - ਹਾਂ ਕਰਦੇ ਹੋ ਅਤੇ ਜਦੋਂ ਕਰਦੇ ਹੋ ਤਾਂ ਉਸ ਸਮੇਂ ਫ਼ੋਟੋ ਨਿਕਲਦਾ ਹੈ। ਤਾਂ ਇਸ ਵਰ੍ਹੇ ਸਭ ਦਾ ਚਾਰਟ ਹੋਵੇ - ਸਦਾ ਰਾਜ ਅਧਿਕਾਰੀ। ਅਧੀਨਤਾ ਸਮਾਪਤ। ਚੰਗਾ।

ਸਰਵ ਪਾਸੇ ਦੇ ਦੇਸ਼ - ਵਿਦੇਸ਼ ਦੇ ਸਰਵ ਸੂਖਸ਼ਮ ਸਵਰੂਪ ਨਾਲ ਦ੍ਰਿਸ਼ ਦੇਖਣ ਵਾਲੀਆਂ ਆਤਮਾਵਾਂ, ਚਾਰੋਂ ਪਾਸੇ ਦੇ ਸਦਾ ਸ਼੍ਰੇਸ਼ਠ ਪਾਲਣਾ ਵਿੱਚ ਪਲਣ ਵਾਲੀ, ਸ਼ੇਸ਼ਠ ਪੜ੍ਹਾਈ ਨਾਲ ਰਾਜ ਪਦਵੀ ਪਾਉਣ ਵਾਲੀ ਆਤਮਾਵਾਂ, ਸਦਗੁਰੂ ਦਵਾਰਾ ਸਰਵ ਵਰਦਾਨ ਪ੍ਰਾਪਤ ਕਰਨ ਵਾਲੀ ਆਤਮਾਵਾਂ, ਸਦਾ ਮਾਇਆਜਿੱਤ ਵਿਜੇਈ ਰਤਨ, ਸਦਾ ਯੁੱਧ ਨੂੰ ਛੱਡ ਰਾਜਯੋਗੀ ਸਥਿਤੀ ਵਿੱਚ ਸਥਿਤ ਰਹਿਣ ਵਾਲੀ ਸਰਵਸ੍ਰੇਸ਼ਠ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਵਰਦਾਨ:- ਇਕਾਂਤ ਅਤੇ ਇਕਾਗਰਤਾ ਦੇ ਅਟੈਂਸ਼ਨ ਦਵਾਰਾ ਤੀਵ੍ਰਗਤੀ ਨਾਲ ਸੂਕ੍ਸ਼੍ਮ ਸੇਵਾ ਕਰਨ ਵਾਲੇ ਸੱਚੇ ਸੇਵਾਧਾਰੀ ਭਵ।
ਦੂਰ ਬੈਠ ਬੇਹੱਦ ਵਿਸ਼ਵ ਦੇ ਆਤਮਾਵਾਂ ਦੀ ਸੇਵਾ ਕਰਨ ਦੇ ਲਈ ਮਨ ਅਤੇ ਬੁੱਧੀ ਸਦਾ ਫ੍ਰੀ ਚਾਹੀਦੀ ਹੈ। ਛੋਟੀ - ਛੋਟੀ ਸਾਧਾਰਨ ਗੱਲਾਂ ਵਿੱਚ ਮਨ ਅਤੇ ਬੁੱਧੀ ਨੂੰ ਬਿਜ਼ੀ ਨਹੀਂ ਕਰੋ। ਤੀਵ੍ਰਗਤੀ ਦੀ ਸੂਕ੍ਸ਼੍ਮ ਸੇਵਾ ਦੇ ਲਈ ਇਕਾਂਤ ਅਤੇ ਇਕਾਗਰਤਾ ਤੇ ਵਿਸ਼ੇਸ਼ ਅਟੈਂਸ਼ਨ ਦਵੋ। ਬਿਜ਼ੀ ਹੁੰਦੇ ਵੀ ਵਿੱਚ - ਵਿੱਚ ਇੱਕ ਘੜੀ, ਦੋ ਘੜੀ ਨਿਕਾਲ ਇਕਾਂਤ ਦਾ ਅਨੁਭਵ ਕਰੋ। ਬਾਹਰ ਦੀ ਪਰਿਸਥਿਤੀ ਭਾਵੇਂ ਹਲਚਲ ਦੀ ਹੋਵੇ ਪਰ ਮਨ- ਬੁੱਧੀ ਨੂੰ ਜਿਸ ਸਮੇਂ ਚਾਹੋ ਇੱਕ ਦੇ ਅੰਤ ਵਿੱਚ ਸੈਕਿੰਡ ਵਿੱਚ ਇਕਾਗਰ ਕਰ ਲਵੋ ਉਦੋਂ ਸੱਚੇ ਸੇਵਾਧਾਰੀ ਬਣ ਬੇਹੱਦ ਸੇਵਾ ਦੇ ਨਿਮਿਤ ਬਣ ਸਕੋਂਗੇ।

ਸਲੋਗਨ:- ਗਿਆਨੀ ਤੂ ਆਤਮਾ ਉਹ ਹੈ ਜੋ ਗਿਆਨ ਦੇ ਹਰ ਰਾਜ਼ ਨੂੰ ਸਮਝਕੇ ਰਾਜਯੁਕਤ, ਯੁਕਤੀਯੁਕਤ ਅਤੇ ਯੋਗਯੁਕਤ ਹੋ

ਕਰਮ ਕਰੇ।

******